# ਪ੍ਰੈਸ ਨੋਟ

ਪੁਲਿਸ ਮੁੱਖੀ ਜੇ. ਇਲਨਚੇਲੀਅਨ ਆਈ.ਪੀ.ਐਸ., ਸੀਨੀਅਰ ਪੁਲਿਸ ਕਪਤਾਨ ਹੁਸ਼ਿਆਰਪੁਰ ਵਲੋਂ ਦਿੱਤੇ ਗਏ ਦਿਸ਼ਾ ਨਿਰਦੇਸ਼ ਅਨੁਸਾਰ ਸ੍ਰੀ ਹਰਪ੍ਰੀਤ ਸਿੰਘ ਮੰਡੇਰ, ਕਪਤਾਨ ਪੁਲਿਸ, ਇਨਵੈਸਟੀਗੇਸ਼ਨ ਹੁਸ਼ਿਆਰਪੁਰ, ਸ੍ਰੀ ਰਵਿੰਦਰ ਸਿੰਘ ਡੀ.ਐਸ.ਪੀ. ਸਬ ਡਵੀਜਨ ਮੁਕੇਰੀਆਂ, ਮੁੱਖ ਅਫਸਰ ਥਾਣਾ ਮੁਕੇਰੀਆਂ ਇੰਸ: ਕਰਨੈਲ ਸਿੰਘ  ਵਲੋਂ ਸਮਾਜ ਵਿਰੋਧੀ ਅਨਸਰਾਂ ਖਿਲਾਫ ਚਲਾਈ ਗਈ ਮੁਹਿੰਮ ਤਹਿਤ ਉਸ ਸਮੇਂ ਵੱਡੀ ਸਫਲਤਾ ਹਾਸਿਲ ਹੋਈ ਜਦੋਂ ਚੋਰੀ ਦੀਆਂ ਵਾਰਦਾਤਾਂ ਕਰਨ ਵਾਲੇ 4 ਦੋਸ਼ੀ ਗ੍ਰਿਫਤਾਰ ਕਰਕੇ ਉਹਨਾਂ ਪਾਸੋਂ ਚੋਰੀ ਕੀਤੇ ਗਏ 20 ਵਹੀਕਲਾਂ ਦੀ ਵੱਡੀ ਬ੍ਰਾਮਦਗੀ ਕੀਤੀ ਗਈ ਹੈ।ਇਨਾਂ ਦੋਸ਼ੀਆ ਦੇ ਖਿਲਾਫ ਥਾਣਾ ਮੁਕੇਰੀਆ ਵਿਖੇ  ਮੁਕੱਦਮਾ ਨੰਬਰ 154 ਮਿਤੀ 12.10.17 ਜੁਰਮ 379,482,420,465,468,471,411 ਭ;ਦ:ਸ ਦਰਜ ਕੀਤਾ ਗਿਆ।

**<u>ਗ੍ਰਿਫਤਾਰ ਕੀਤੇ ਗਏ ਦੋਸ਼ੀ:-</u>**

1. ਗੋਪਾਲ ਉਰਫ ਬਬਲੂ ਪੁੱਤਰ ਜਸਵੰਤ ਸਿੰਘ ਕੌਮ ਝੀਰ ਵਾਸੀ ਨੋਸ਼ਹਿਰਾ ਪੱਤਣ ਥਾਣਾ ਮੁਕੇਰੀਆਂ
2. ਪਵਨ ਕੁਮਾਰ ਪੁੱਤਰ ਜਸਵੰਤ ਸਿੰਘ ਕੌਮ ਝੀਰ ਵਾਸੀ ਨੋਸ਼ਹਿਰਾ ਪੱਤਣ ਥਾਣਾ ਮੁਕੇਰੀਆਂ
3. ਹੇਮੰਤ ਸ਼ਰਮਾ ਪੁੱਤਰ ਰਾਜਪਾਲ ਵਾਸੀ ਮਕਾਨ ਨੰਬਰ 754, ਵਾਰਡ ਨੰਬਰ 17 ਝੂਲਾ ਮਹਿਲ
4. .ਰੋਹਿਤ ਕੁਮਾਰ ਪੁੱਤਰ ਬਨਾਰਸੀ ਦਾਸ ਵਾਸੀ ਮਾਹਵਾੜਾ ਚੌਂਕ ਗੁਰਦਾਸਪੁਰ ਜਿਲਾ ਗੁਰਦਾਸਪੁਰ

ਇਸ ਸਬੰਧੀ ਸ੍ਰੀ ਜੇ. ਇਲਨਚੇਲੀਅਨ ਆਈ.ਪੀ.ਐਸ ਸੀਨੀਅਰ ਪੁਲਿਸ ਕਪਤਾਨ ਹੁਸ਼ਿਆਰਪੁਰ ਨੇ ਪ੍ਰੈਸ ਕਨਫਰੈਂਸ ਰਾਂਹੀਂ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਲਾਕਾ ਥਾਣਾ ਮੁਕੇਰੀਆਂ ਵਿਚ ਸਮਾਜ ਵਿਰੋਧੀ ਅਨਸਰਾਂ ਵਿਰੁੱਧ ਚਲਾਈ ਗਈ ਸਪੈਸ਼ਲ ਮੁਹਿੰਮ ਦੌਰਾਨ ਥਾਣਾ ਮੁਕੇਰੀਆਂ ਦੀ ਪੁਲਿਸ ਪਾਸ ਸੂਚਨਾ ਮਿਲੀ ਕਿ ਮਹਿਦੀਨ ਪੁਰ ਤੋਂ ਮਨਸੂਰ ਪੁਰ ਜਾਂਦੀ ਸੜਕ ਦੇ ਲਹਿੰਦੇ ਪਾਸੇ ਗੁਜਰਾਂ ਦੇ ਬੇਅਬਾਦ ਕੁੱਲ ਵਿਚ ਚੋਰੀ ਸ਼ੁਦਾ ਵਹੀਕਲ ਉਕਤ ਦੋਸ਼ੀਆਂ ਨੇ ਰੱਖੇ ਹੋਏ ਹਨ ਅਤੇ ਉਹਨਾਂ ਦੀਆਂ ਨੰਬਰ ਪਲੇਟਾਂ ਬਦਲ ਕੇ ਵੇਚਦੇ ਹਨ। ਇਹ  ਸੂਚਨਾ ਮਿਲਣ ਪਰ ਤਰੰਤ ਮੌਕਾ ਪਰ ਪਹੁੰਚ ਕੇ 6 ਬੁਲੇਟ ਮੋਟਰਸਾਈਕਲ,7 ਸਪਲੈਂਡਰ ਮੋਟਰਸਾਈਕਲ,1 ਪਲਸਰ ਮੋਟਰ ਸਾਈਕਲ, 1ਗਲੈਮਰ ਮੋਟਰਸਾਈਕਲ,1 ਪੈਸਨ ਮੋਟਰਸਾਈਕਲ,1 ਡਿਸਕਵਰ ਮੋਟਰਸਾਈਕਲ,3 ਐਕਟੀਵਾ ਬਰਾਮਦ ਕੀਤੇ ਗਏ ਅਤੇ ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਗਿਆ।

ਦੋਸ਼ੀਆ ਨੇ ਪੁੱਛ-ਗਿੱਛ ਦੌਰਾਨ ਮੰਨਿਆ ਕਿ ਇਹ ਵਹੀਕਲ ਜਿਲਾ ਗੁਰਦਾਸਪੁਰ, ਜਿਲਾ ਹੁਸ਼ਿਆਰਪੁਰ, ਜਿਲਾ ਮੋਹਾਲੀ ਤੇ ਚੰਡੀਗੜ ਤੋ ਚੋਰੀ ਕੀਤੇ ਸਨ।ਜੋ ਇਹ ਡੁਪਲੀਕੇਟ ਚਾਬੀਆਂ ਤਿਆਰ ਕਰਕੇ ਵਹੀਕਲ ਚੋਰੀ ਕਰਕੇ ਜਾਅਲੀ ਨੰਬਰ ਪਲੇਟਾਂ ਲਗਾ ਕੇ ਅਤੇ ਜਾਅਲੀ ਆਰ.ਸੀਜ ਤਿਆਰ ਕਰਕੇ ਆਮ ਲੋਕਾਂ ਨੂੰ ਇਹ ਦੱਸ ਕੇ ਵੇਚਦੇ ਸਨ ਕਿ ਉਹ ਫਾਇਨਾਂਸ ਕੰਪਨੀ ਵਿੱਚ ਲੱਗੇ ਹੋਏ ਹਨ ਅਤੇ ਇਹ ਵਹੀਕਲ ਫਾਇਨਾਂਸ ਕੰਪਨੀ ਵਲੋਂ ਰਿਕਵਰ ਕੀਤੇ ਗਏ ਹਨ।ਇਹਨਾਂ ਦੋਸ਼ੀਆਂ ਨੂੰ ਪੇਸ਼ ਅਦਾਲਤ ਕੀਤਾ ਜਾ ਰਿਹਾ ਹੈ ਜਿਹਨਾ ਦਾ ਪੁਲਿਸ ਰਿਮਾਂਡ ਹਾਸਲ ਕਰਕੇ ਹੋਰ ਪੁਛਗਿੱਛ ਕੀਤੀ ਜਾਵੇਗੀ । ਜਿਨਾਂ ਪਾਸੋਂ ਹੋਰ ਵੀ ਕਾਫੀ ਚੋਰੀ ਸ਼ੁਦਾ ਵਹੀਕਲ ਬਰਾਮਦ ਹੋਣ ਦੀ ਸੰਭਾਵਨਾ ਹੈ ।

**<u>ਬ੍ਰਾਮਦਗੀ ਦਾ ਵੇਰਵਾ:-</u>**

ਚੋਰੀ ਕੀਤੇ ਗਏ ਵੱਖ ਵੱਖ ਕਿਸਮ ਦੇ ਕੁੱਲ 20 ਵਹੀਕਲਾਂ ਦੀ ਬ੍ਰਾਮਦਗੀ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

6 ਬੁਲੇਟ ਮੋਟਰਸਾਈਕਲ

7 ਸਪਲੈਂਡਰ ਮੋਟਰਸਾਈਕਲ

1 ਪਲਸਰ ਮੋਟਰ ਸਾਈਕਲ

1 ਗਲੈਮਰ ਮੋਟਰਸਾਈਕਲ

1 ਪੈਸਨ ਮੋਟਰਸਾਈਕਲ

1 ਡਿਸਕਵਰ ਮੋਟਰਸਾਈਕਲ

3 ਐਕਟੀਵਾ